ਸੁਹਜ ਸਵਾਦ

ਪ੍ਰੋ: ਸੁੰਦਰ ਸਿੰਘ

G. 181
167

ਲਾਹੌਰ
ਲਾਹੌਰ ਬੁਕ ਸ਼ਾਪ
ਨਿਸਬਤ ਰੋਡ

ਪ੍ਰਕਾਸ਼ਕ—ਜੀਵਨ ਸਿੰਘ, ਐਮ. ਏ.
ਲਾਹੌਰ ਬੁਕ ਸ਼ਾਪ ਨਿਸਬਤ ਰੋਡ ਲਾਹੌਰ

29133

ਪਹਿਲੀ ਵਾਰ ੧੯੪੨

181

ਸ: ਭੂਪਿੰਦਰ ਸਿੰਘ ਬੀ. ਏ. ਐਲਐਲ. ਬੀ.
ਦੇ ਅਧਿਕਾਰ ਵਾਰਾ
ਵਜ਼ੀਰ ਹਿੰਦ ਪ੍ਰੈਸ ਹਾਲ ਬਜ਼ਾਰ ਅਮ੍ਰਿਤਸਰ ਵਿਚ ਛਪਿਆ।

ਮੁਖਬੰਧ

ਪੰਜਾਬੀ ਬੋਲੀ ਦਾ ਇਤਿਹਾਸ ਪੰਜਾਂ ਸਮਿਆਂ ਵਿੱਚੋਂ ਲੰਘਿਆ ਹੈ ਅਤੇ ਹਰ ਸਮੇਂ ਨੇ ਉਸ ਉੱਪਰ ਆਪਣੀ ਰੰਗਣ ਚਾੜ੍ਹੀ ਤੇ ਮੋਹਰ ਲਾਈ ਹੈ। ਇਹ ਹਾਲ ਅੱਖਰਾਂ ਵਾਲੇ ਸਾਹਿਤ ਦਾ ਹੈ, ਜੋ ਬੇਅਖਰੇ ਸਾਹਿਤ ਤੋਂ ਪਿੱਛੋਂ ਆਉਂਦਾ ਹੈ। ਬੇਅਖਰੇ ਸਾਹਿਤ ਦਾ ਕੋਈ ਇਤਿਹਾਸ ਨਹੀਂ, ਪਰ ਲੀਹਾਂ ਤੋਂ ਮਲੂਮ ਹੁੰਦਾ ਹੈ ਕਿ ਕਿਨ੍ਹਾਂ ਰਾਹਾਂ ਤੋਂ ਲੰਘਿਆ ਹੈ। ਹਰ ਇਕ ਬੋਲੀ ਦੇ ਇਤਿਹਾਸ ਪੜਚੋਲਨ ਤੋਂ ਪਤਾ ਲਗਦਾ ਹੈ ਕਿ ਬੇਅਖਰੇ ਸਾਹਿਤ ਤੋਂ ਪਿੱਛੋਂ ਉਹ ਕਵਿਤਾ ਰੂਪ ਵਿਚ ਸੰਸਾਰ ਦੇ ਸਾਹਮਣੇ ਪ੍ਰਗਟ ਹੋਇਆ ਅਤੇ ਸਨੇ ਸਨੇ ਆਪਣੀ ਟੀਸੀ ਤੇ ਪਹੁੰਚਿਆ। ਇਸ ਟੀਸੀ ਤੇ ਪਹੁੰਚਣ ਦੇ ਸਮੇਂ ਦੇ ਵਿਚ ਵਿਚ ਹੀ ਵਾਰਤਕ ਦਾ ਅਰੰਭ ਹੋਇਆ ਅਤੇ ਇਹ ਆਪਣੀਆਂ ਜੀਵਨ ਪੌੜੀਆਂ—ਸੁਰਕਨਾ, ਹਥ ਪੈਰ ਮਾਰਨੇ, ਗੋਡਿਆਂ ਭਾਰ ਰਿੜ੍ਹਨਾ ਅਤੇ ਖਲੋ ਖਲੋ ਕੇ ਭਿਗਨਾ—ਤੇ ਚੜ੍ਹਦੀ ਚੜ੍ਹਦੀ ਜਵਾਨੀ ਤਕ ਪਹੁੰਚੀ।

ਪੰਜਾਬੀ ਬੋਲੀ ਦੇ ਇਤਿਹਾਸ ਦਾ ਪਹਿਲਾ ਸਮਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਪਹਿਲਾ ਸਮਾਂ ਗਿਣਿਆਂ ਜਾਂਦਾ ਹੈ। ਇਹ ਸਮਾਂ ਅਠਵੀਂ ਸਦੀ ਤੋਂ ਪੰਦਰਵੀਂ ਸ਼ਦੀ ਤੱਕ ਮੰਨਿਆ ਜਾਂਦਾ ਹੈ। ਇਹ ਸਮਾਂ ਤਜਰਬਿਆਂ ਦਾ ਸਮਾਂ ਕਿਹਾ ਜਾਂਦਾ ਹੈ ਅਤੇ ਇਸ ਵਿਚ ਲਿਖਾਰੀ ਬਾਹਲੇ ਹਿੰਦੂ, ਬੋਧੀ ਅਤੇ ਮੁਸਲਮਾਨ ਸੰਤ ਹੋਏ ਹਨ, ਜਿਨ੍ਹਾਂ ਨੇ ਬਹੁਤ ਕਰਕੇ ਵਾਰਾਂ, ਗੀਤ ਆਦਿਕ

ਲਿਖੇ। ਇਸ ਸਮੇਂ ਵਿਚ ਮਲੂਮ ਹੁੰਦਾ ਹੈ ਵਾਰਤਕ ਦਾ ਜਨਮ ਨਹੀਂ ਹੋਇਆ, ਕਿਉਂ ਜੋ ਇਸ ਸਮੇਂ ਦੀ ਵਾਰਤਕ ਰਚਨਾ ਸਾਡੇ ਤਕ ਨਹੀਂ ਪਹੁੰਚੀ। ਇਸ ਦੇ ਕਈ ਕਾਰਣ ਹੋ ਸਕਦੇ ਹਨ; ਪਰ ਤਾਂ ਭੀ ਜੇਕਰ ਇਸਦਾ ਜਨਮ ਹੋਇਆ ਤਾਂ ਉਹ ਅਲੋਪ ਰਿਹਾ ਅਤੇ ਉਹ ਆਪਣੀਆਂ ਜੀਵਣ-ਪੌੜੀਆਂ ਚੜ੍ਹਦੀ ਚੜ੍ਹਦੀ ਇਕ ਖ਼ਾਸ ਪਕੇ ਰੂਪ ਵਿਚ ਦੂਜੇ ਸਮੇਂ ਵਿਚ ਸਾਡੇ ਸਾਹਮਣੇ ਆਈ। ਇਸ ਸਮੇਂ ਦਾ ਸਾਹਿਤ ਹਿੰਦੀ ਜਾਂ ਹੋਰ ਪੁਰਾਤਨ ਲਿਪੀਆਂ ਵਿਚ ਹੋਵੇਗਾ, ਕਿਉਂ ਜੋ ਉਸ ਵੇਲੇ ਤਕ ਪੰਜਾਬੀ (ਗੁਰਮੁਖੀ) ਅੱਖਰ ਬਣੇ ਹੀ ਨਹੀਂ ਸਨ।

ਦੂਜਾ ਸਮਾਂ ਸਿਖ ਗੁਰੂਆਂ ਦਾ ਸਮਾਂ ਕਿਹਾ ਜਾਂਦਾ ਹੈ। ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ(ਸੰਨ ੧੪੬੯) ਤੋਂ ਲੈਕੇ ਸ੍ਰੀ ਗੁਰੂਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਵਣ (ਸੰਨ ੧੭੦੮) ਤਕ ਗਿਣਿਆ ਜਾਂਦਾ ਹੈ। ਇਹ ਸਮਾਂ ਪੰਜਾਬੀ ਬੋਲੀ ਦੇ ਇਤਿਹਾਸ ਦਾ ਸੁਨਹਿਰੀ ਸਮਾਂ (Golden Age) ਕਿਹਾ ਜਾਂਦਾ ਹੈ। ਇਸੇ ਵਿਚ ਗੁਰਮੁਖੀ ਅੱਖਰਾਂ ਦਾ ਜਨਮ ਹੋਇਆ। ਦੱਸਿਆ ਜਾਂਦਾ ਹੈ ਕਿ ਅੱਖਰਾਂ ਦੇ ਰੂਪ ਆਦਿਕ ਸ੍ਰੀ ਗੁਰੂ ਅੰਗਦ ਦੇਵ ਜੀ ਦੂਜੇ ਗੁਰੂ ਸਾਹਿਬ ਨੇ ਰਚੇ, ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ 'ਪਟੀ ਲਿਖੀ' ਵਾਲੀ ਰਚਨਾ ਤੋਂ ਪਤਾ ਲਗਦਾ ਹੈ ਕਿ ਅਖਰਾਂ ਦੇ ਉਚਾਰਨ ਆਦਿਕ ਮਹਾਰਾਜ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਰਚ ਦਿਤੇ ਸਨ। ਇਸੇ ਸਮੇਂ ਵਿਚ ਆਮ ਜਨਤਾ ਨੂੰ ਧਾਰਮਕ ਮੰਡਲ ਅਤੇ ਜੀਵਨ ਦੇ ਹੋਰ ਪਹਿਲੂਆਂ ਵਿਚ ਉਹ ਸਾਹਿਤ ਮਿਲਿਆ ਜਿਹੜਾ ਉਨ੍ਹਾਂ ਦੇ ਦਿਲ ਅਤੇ ਦਿਮਾਗ ਦੇ ਬਹੁਤ ਨੇੜੇ ਸੀ। ਇਹ ਸਮਾਂ ਭਗਤੀਭਾਵ ਵਾਲਾ ਸਮਾਂ ਕਿਹਾ ਜਾਂਦਾ ਹੈ ਅਤੇ ਨਾਲ ਹੀ ਇਸ ਨੂੰ (Age of consolidation) ਸਾਹਿਤ ਸੰਗ੍ਰਹ ਦਾ ਸਮਾਂ ਭੀ ਕਿਹਾ ਜਾਂਦਾ ਹੈ। ਇਸ ਸੰਬੰਧੀ ਜੋ ਕੰਮ ਸਾਹਿਬ ਸ੍ਰੀ

ਗੁਰੂ ਅਰਜਨ ਦੇਵ ਜੀ ਅਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨ ਕੀਤਾ ਉਹ ਕਿਸੇ ਕੋਲੋਂ ਗੁੱਝਾ ਛਿਪਿਆ ਨਹੀਂ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬੇਅੰਤ ਭਗਤਾਂ ਦੀ ਬਾਣੀ ਇਕੱਤ੍ਰ ਕੀਤੀ, ਜਿਨ੍ਹਾਂ ਵਿੱਚੋਂ ਪੰਦਰਾਂ ਭਗਤਾਂ ਦੀ ਬਾਣੀ ਆਪਣੇ ਆਸ਼ੇ ਦੀ ਚੋਣ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕੀਤੀ। ਇਨ੍ਹਾਂ ਵਿੱਚੋਂ ਕਈ ਤਾਂ ਮਹਾਰਾਜ ਜੀ ਦੇ ਸਮੇਂ ਤੋਂ ਬਹੁਤ ਪਹਿਲੇ ਹੋ ਚੁਕੇ ਸਨ, ਕੁਛ ਥੋੜਾ ਚਿਰ ਪਹਿਲੇ ਤੇ ਕੁਝ ਮਹਾਰਾਜਜੀ ਦੇ ਸਮਕਾਲੀ ਸਨ। ਇਨ੍ਹਾਂ ਵਿੱਚੋਂ ਕੋਈ ਜੁਲਾਹਾ, ਕੋਈ ਛੀਪਾ, ਕੋਈ ਚਮਾਰ, ਕੋਈ ਬ੍ਰਾਹਮਣ,ਕੋਈ ਨਾਈ ਤੇ ਕੋਈ ਕਸਾਈ ਸੀ, ਪਰ ਸਭ ਦੀ ਬਾਣੀ ਇਕ ਆਸ਼ੇ ਵਾਲੀ ਸੀ। ਇਨ੍ਹਾਂ ਸਾਰੀਆਂ ਬਾਣੀਆਂ ਦਾ ਸਿੱਟਾ ਜੋ ਮਹਾਰਾਜ ਜੀ ਦੀ ਬਾਣੀ ਰੂਪ ਚੋਣ ਦਾ ਧੁਰਾ ਸੀ,ਉਹ ਇਹ ਸੀ ਕਿ "ਇਹ ਸੰਸਾਰ ਅਕਾਲ ਪੁਰਖ ਦੀ ਮਾਇਆ ਦੀ ਇਕ ਖੇਡ ਹੈ, ਜੀਵ ਦੀ ਕਲਿਆਣ ਇਸੇ ਵਿਚ ਹੈ, ਇਹਦੇ ਵਿਚ ਨਾ ਫਸੇ, ਸਗੋਂ ਉਸ ਕਰਤਾਰ ਵਿਚ ਆਪਣਾ ਚਿਤ ਲਾਵੇ। ਪ੍ਰੇਮ ਲਾਣ ਦਾ ਉੱਤਮ ਰਸਤਾ ਸਿਮਰਨ ਹੈ। ਮਨੁਖ ਹਰ ਵੇਲੇ ਅਕਾਲ ਪੁਰਖ ਨੂੰ ਯਾਦ ਰੱਖੇ ਤੇ ਉਸਨੂੰ ਆਪਣੇ ਅੰਦਰ ਤੇ ਹੋਰ ਸੰਸਾਰ ਦੇ ਸਾਰੇ ਜੀਵਾਂ, ਸਗੋਂ ਜੜ੍ਹ ਵਸਤਾਂ ਵਿਚ ਭੀ ਵਿਆਪਕ ਵੇਖੇ; ਇਸ ਤਰ੍ਹਾਂ ਉਸ ਨੂੰ ਪਰਮਗਤੀ ਪ੍ਰਾਪਤ ਹੋਵੇਗੀ।" ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਦਸਮ ਗ੍ਰੰਥ ਅਤੇ ਸਰਬਲੋਹ ਗ੍ਰੰਥ ਆਦਿ ਵਿਚ ਉਹ ਸਾਹਿਤ ਕੱਠਾ ਕੀਤਾ ਜੋ ਰਹਿੰਦੀ ਦੁਨੀਆਂ ਤਕ ਸਾਹਿਤ ਮੰਡਲ ਵਿਚ ਚਾਨਣ-ਮੁਨਾਰੇ ਦਾ ਕੰਮ ਦੇਂਦਾ ਰਹੇਗਾ।

ਇਸੇ ਸਮੇਂ ਵਿਚ ਵਾਰਤਕ ਦਾ ਦ੍ਰਿਸ਼ਟਮਾਨ ਜਨਮ ਹੋਇਆ। ਕਹਾਵਤ ਹੈ necessity is the mother of inventions. ਲੋੜ ਸਭ ਕਾਢਾਂ ਦੀ ਮਾਂ ਹੈ। ਸੋ ਇਸ ਵੇਲੇ ਲੋੜ ਭਾਸੀ ਕਿ ਸੰਤਾਂ ਮਹਾਤਮਾਂ, ਮਹਾਂ ਪੁਰਖਾਂ ਦੇ ਬਚਨ ਬਿਲਾਸ,

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.